Tender Heart High school
Class-8 3.2.25

# 18 ਪਾਠ — ਬਹੁਅਰਥਕ ਸ਼ਬਦ (Words with Various Meanings)









**ਸਿੱਕਾ**

- ਮੇਰੇ ਕੋਲ਼ ਪੰਜ ਰੁਪਏ ਦਾ **ਸਿੱਕਾ** ਹੈ
- ਪੈਂਨਸਲ ਦਾ **ਸਿੱਕਾ** ਟੁੱਟ ਗਿਆ ਹੈ।
- ਉਸ ਨੇ ਆਪਣੇ ਨਾਂ ਦਾ **ਸਿੱਕਾ** ਜਮਾ ਲਿਆ ਹੈ।

**ਘੜੀ**

- ਮੈਂ ਗੁੱਟ 'ਤੇ ਬੰਨ੍ਹਣ ਵਾਲ਼ੀ ਨਵੀਂ ਘ ਖ਼ਰੀਦੀ ਹੈ।
- ਮਿੱਟੀ ਦੀ **ਘੜੀ** ਵਿੱਚ ਪਾਇਆ ਪ ਠੰਢਾ ਰਹਿੰਦਾ ਹੈ।
- ਔਖੀ **ਘੜੀ** ਵੀ ਲੰਘ ਜਾਵੇਗੀ।

ਪਿਆਰੇ ਬੱਚਿਓ, ਉੱਪਰ ਦਿੱਤੇ ਚਿੱਤਰਾਂ ਹੇਠ ਦਿੱਤੇ ਵਾਕਾਂ ਨੂੰ ਧਿਆਨ ਨਾਲ਼ ਪੜ੍ਹੋ। ਇਹਨਾਂ ਵਾਕਾਂ ਵਿ 'ਸਿੱਕਾ' ਅਤੇ 'ਘੜੀ' ਸ਼ਬਦ ਦੇ ਇੱਕ ਤੋਂ ਵੱਧ ਅਰਥ ਪ੍ਰਗਟ ਹੁੰਦੇ ਹਨ। ਇਸ ਤਰ੍ਹਾਂ ਇਹਨਾਂ ਸ਼ਬਦਾਂ ਦੇ ਇੱਕ ਵੱਧ ਅਰਥ ਹਨ। ਅਜਿਹੇ ਸ਼ਬਦਾਂ ਨੂੰ ਬਹੁਅਰਥਕ ਸ਼ਬਦ ਕਹਿੰਦੇ ਹਨ। ਅਸੀਂ ਕਹਿ ਸਕਦੇ ਹਾਂ ਕਿ :

**ਜਿਨ੍ਹਾਂ ਸ਼ਬਦਾਂ ਦੇ ਇੱਕ ਤੋਂ ਵੱਧ ਅਰਥ ਹੁੰਦੇ ਹਨ ਉਹਨਾਂ ਨੂੰ ਬਹੁਅਰਥਕ ਸ਼ਬਦ ਕਹਿੰਦੇ ਹਨ।**

**ਨੋਟ :** ਅੱਗੇ ਕੁਝ ਬਹੁਅਰਥਕ ਸ਼ਬਦਾਂ ਦੇ ਵੱਖ-ਵੱਖ ਅਰਥ ਪ੍ਰਗਟਾਉਣ ਲਈ ਇਹਨਾਂ ਦੀ ਵਾਕਾਂ ਵਿੱਚ ਵ ਕੀਤੀ ਗਈ ਹੈ :

## ਬਹੁਅਰਥਕ ਸ਼ਬਦ

**1. ਉੱਤਰ :** (ਦਿਸ਼ਾ) — **ਉੱਤਰ** ਵਾਲ਼ੇ ਪਾਸਿਓਂ ਬੱਦਲ਼ ਲਿਸ਼ਕ ਰਿਹਾ ਹੈ।

(ਜਵਾਬ) — ਪ੍ਰਸ਼ਨਾਂ ਦੇ ਢੁਕਵੇਂ **ਉੱਤਰ** ਦਿਓ।

| | | |
|---|---|---|
| 2. ਉਤਾਰ : | (ਉਤਾਰਨਾ) | ਸਮਾਨ ਛੱਤ ਤੋਂ ਹੇਠਾਂ **ਉਤਾਰ** ਦਿਓ। |
| | (ਲਾਹੇ ਹੋਏ ਪੁਰਾਣੇ ਕੱਪੜੇ) | ਗ਼ਰੀਬ ਲੋਕ ਦੂਜਿਆਂ ਦਾ **ਉਤਾਰ** ਪਹਿਨ ਕੇ ਹੀ ਗੁਜ਼ਾਰਾ ਕਰ ਲੈਂਦੇ ਹਨ। |
| 3. ਉਲਟੀ : | (ਕੈ) | **ਉਲਟੀ** ਆਉਣ ਕਾਰਨ ਕਈ ਘੰਟੇ ਉਸ ਦੀ ਤਬੀਅਤ ਖ਼ਰਾਬ ਰਹੀ। |
| | (ਪਲਟੀ) | ਸੜਕ ਦੇ ਇੱਕ ਪਾਸੇ ਬੱਸ **ਉਲਟੀ** ਪਈ ਸੀ। |
| | (ਮੋੜੀ, ਬਦਲੀ) | ਨਲਿਨੀ ਨੇ ਆਪਣੀ ਮੰਮੀ ਦੀ ਗੱਲ ਕਦੇ ਨਹੀਂ **ਉਲਟੀ**। |
| | (ਪੁੱਠੀ) | ਲੱਗਦਾ ਹੈ ਕਿ ਕੋਈ ਤੁਹਾਨੂੰ **ਉਲਟੀ** ਪੱਟੀ ਪੜ੍ਹਾ ਰਿਹਾ ਹੈ। |
| | (ਪੁੱਠੀ) | ਤੇਰੀ ਤਾਂ ਹਰ ਗੱਲ **ਉਲਟੀ** ਹੁੰਦੀ ਹੈ। |
| 4. ਆਕੜ : | (ਸਖ਼ਤ ਹੋਣਾ) | ਠੰਢ ਵਿੱਚ ਹੱਥ-ਪੈਰ **ਆਕੜ** ਜਾਂਦੇ ਹਨ। |
| | (ਹੰਕਾਰ) | ਤੇਰੀ **ਆਕੜ** ਤਾਂ ਮੈਂ ਭੰਨਾਗਾ। |
| | (ਲੜਾਈ, ਝਗੜਾ) | ਮੇਰਾ ਦੋਸਤ ਮਾੜੀ ਜਿਹੀ ਗੱਲ 'ਤੇ ਹੀ ਮੇਰੇ ਨਾਲ਼ **ਆਕੜ** ਪਿਆ। |
| 5. ਸੰਗ : | (ਸ਼ਰਮ) | ਕੰਮ ਕਰਨ ਵੇਲ਼ੇ **ਸੰਗ** ਨਹੀਂ ਕਰਨੀ ਚਾਹੀਦੀ। |
| | (ਸਾਥ) | ਚੰਗੇ ਬੰਦਿਆਂ ਦਾ **ਸੰਗ** ਕਰੋ। |
| 6. ਸਾਰ : | (ਸੰਖੇਪ) | ਪਰੀਖਿਆ ਸਮੇਂ ਕਈ ਵਾਰ ਪਾਠ ਦਾ **ਸਾਰ** ਲਿਖਣ ਲਈ ਕਿਹਾ ਜਾਂਦਾ ਹੈ। |
| | (ਪੂਰਾ ਕਰਨਾ, ਮਦਦ ਕਰਨੀ) | ਹਰਮਿੰਦਰ ਨੇ ਔਖੇ ਸਮੇਂ ਮੇਰਾ ਕੰਮ **ਸਾਰ** ਦਿੱਤਾ। |
| | (ਉਸੇ ਵੇਲ਼ੇ) | ਪੁਲਿਸ ਨੂੰ ਦੇਖਦੇ **ਸਾਰ** ਹੀ ਚੋਰ ਭੱਜ ਗਿਆ। |
| 7. ਸਿੱਟਾ : | (ਨਚੋੜ) | ਹਰ ਕਹਾਣੀ ਦਾ ਕੋਈ **ਸਿੱਟਾ** ਨਿਕਲ਼ਦਾ ਹੈ। |
| | (ਬੱਲੀ) | ਉਸ ਨੇ ਕਣਕ ਦਾ ਇੱਕ **ਸਿੱਟਾ** ਤੋੜਿਆ। |
| | (ਨਤੀਜਾ) | ਮਾੜੇ ਕੰਮ ਦਾ **ਸਿੱਟਾ** ਵੀ ਮਾੜਾ ਹੀ ਨਿਕਲ਼ਦਾ ਹੈ। |
| 8. ਹਾਰ : | (ਹਾਰ ਹੋਣੀ) | ਮੈਚ ਹੋਣ 'ਤੇ ਇੱਕ ਟੀਮ ਦੀ **ਹਾਰ** ਹੁੰਦੀ ਹੈ। |
| | (ਮਾਲ਼ਾ) | ਪ੍ਰਧਾਨ ਜੀ ਦੇ ਗਲ਼ ਵਿੱਚ **ਹਾਰ** ਪਾਏ ਗਏ। |
| | (ਥੱਕਣਾ) | ਮੈਂ ਤਾਂ ਤੈਨੂੰ ਸਮਝਾ-ਸਮਝਾ ਕੇ **ਹਾਰ** ਗਿਆ ਹਾਂ। |
| 9. ਹਾਲ : | (ਹਾਲਤ, ਦਸ਼ਾ) | ਮੈਂ ਆਪਣੇ ਬਿਮਾਰ ਦੋਸਤ ਦਾ **ਹਾਲ** ਪਤਾ ਕਰਨ ਲਈ ਉਸ ਦੇ ਘਰ ਗਿਆ। |

(ਵੱਡਾ ਕਮਰਾ) — ਸਾਡੇ ਸਕੂਲ ਦਾ **ਹਾਲ** ਬਹੁਤ ਵੱਡਾ ਹੈ।

(ਦ੍ਰਿਸ਼) — ਮੈਚ ਦਾ ਅੱਖੀ ਡਿੱਠਾ **ਹਾਲ** ਟੈਲੀਵਿਜ਼ਨ 'ਤੇ ਪੇਸ਼ ਕੀਤਾ ਰਿਹਾ ਸੀ।

**10. ਕੱਚਾ :** (ਪੱਕਾ ਨਾ ਹੋਣਾ) — ਕੇਲਾ ਅਜੇ **ਕੱਚਾ** ਹੈ।

(ਜੋ ਧੋਣ 'ਤੇ ਨਿਕਲ਼ ਜਾਵੇ) — ਉਸ ਦੇ ਸੂਟ ਦਾ ਰੰਗ **ਕੱਚਾ** ਹੈ।

(ਖ਼ਰਾਬ) — ਦਿਲ **ਕੱਚਾ** ਹੁੰਦਾ ਹੈ ਤਾਂ ਸੰਗਤਰਾ ਖਾ ਲਓ।

(ਆਰਜ਼ੀ) — ਉਸ ਦੀ ਨੌਕਰੀ ਪੱਕੀ ਨਹੀਂ। ਇੱਕ ਸਾਲ ਤੱਕ ਉਹ **ਕੱਚਾ** ਰਹੇਗਾ।

**11. ਕਲੀ :** (ਸਫ਼ੈਦੀ) — ਅਸੀਂ ਆਪਣੇ ਮਕਾਨ ਨੂੰ **ਕਲੀ** ਕਰਵਾਈ ਹੈ।

(ਫੁੱਲ) — **ਕਲੀ** ਦੀ ਮਹਿਕ ਬਹੁਤ ਚੰਗੀ ਲੱਗਦੀ ਹੈ।

(ਭਾਂਡੇ ਕਲੀ ਕਰਨ ਵਾਲ਼ੀ ਧਾਤ) — ਪਿੱਤਲ ਦੇ ਭਾਂਡੇ **ਕਲੀ** ਕਰਵਾਏ ਜਾਂਦੇ ਹਨ।

**12. ਖੱਟੀ :** (ਪੀਲ਼ੀ) — ਜਸਕਿਰਨ ਨੇ **ਖੱਟੀ** ਚੁੰਨੀ ਲਈ ਹੋਈ ਹੈ।

(ਖਟਾਸ ਹੋਣੀ) — ਲੱਸੀ **ਖੱਟੀ** ਹੋ ਗਈ ਹੈ।

(ਕਮਾਈ) — ਉਸ ਨੂੰ ਆਪਣੇ ਕੰਮ ਵਿੱਚ ਬਹੁਤ **ਖੱਟੀ** ਹੁੰਦੀ ਹੈ।

**13. ਖ਼ਾਤਰ :** (ਲਈ) — ਤੁਹਾਡੀ **ਖ਼ਾਤਰ** ਮੈਨੂੰ ਨੁਕਸਾਨ ਉਠਾਉਣਾ ਪਿਆ।

(ਆਓ ਭਗਤ) — ਸੁਰਿੰਦਰ ਨੇ ਘਰ ਆਏ ਮਹਿਮਾਨਾਂ ਦੀ ਚੰਗੀ **ਖ਼ਾਤਰ** ਕੀਤੀ

(ਮਾਰਨਾ) — ਪੁਲਿਸ ਨੇ ਚੋਰ ਦੀ ਚੰਗੀ **ਖ਼ਾਤਰ** ਕੀਤੀ।

**14. ਗੋਲ਼ਾ :** (ਉੱਨ ਦਾ) — ਉਸ ਨੇ ਉੱਨ ਦਾ **ਗੋਲ਼ਾ** ਖ਼ਰੀਦਿਆ।

(ਤੋਪ ਦਾ) — ਤੋਪ ਵਿੱਚੋਂ ਨਿਕਲ਼ਿਆ **ਗੋਲ਼ਾ** ਦੂਰ ਤੱਕ ਮਾਰ ਕਰਦਾ ਹੈ।

**15. ਘੋੜਾ :** (ਜਾਨਵਰ) — **ਘੋੜਾ** ਸਵਾਰੀ ਦੇ ਕੰਮ ਵੀ ਆਉਂਦਾ ਹੈ।

(ਬੰਦੂਕ ਦਾ) — ਦੁਸ਼ਮਣ ਨੂੰ ਦੇਖਦਿਆਂ ਹੀ ਉਸ ਨੇ ਆਪਣੀ ਬੰਦੂਕ ਦਾ **ਘੋ**... ਦਬਾ ਦਿੱਤਾ।

**16. ਚੱਕਰ :** (ਗੇੜ) — ਕਲਰਕ ਨੇ ਤੁਹਾਨੂੰ **ਚੱਕਰ** ਵਿੱਚ ਪਾ ਦਿੱਤਾ ਹੈ।

(ਫੇਰਾ) — ਹੁਣ ਪਿੰਡ ਦਾ **ਚੱਕਰ** ਘੱਟ ਹੀ ਲੱਗਦਾ ਹੈ।

(ਕਾਰਨ ਬਣਨਾ) — ਕਈ ਵਾਰ ਕੰਮ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਕੋਈ **ਚੱਕਰ** ... ਜਾਂਦਾ ਹੈ।

**17. ਚਾਰ :** (ਗਿਣਤੀ) — ਉਸ ਨੇ **ਚਾਰ** ਕਮੀਜ਼ਾਂ ਲਈਆਂ।

(ਪਸ਼ੂ ਚਾਰਨੇ) — ਪਸ਼ੂ **ਚਾਰ** ਕੇ ਉਹ ਸ਼ਾਮ ਨੂੰ ਮੁੜਿਆ।

(ਧੋਖਾ ਦੇਣਾ) — ਉਹ ਏਨਾ ਚੁਸਤ ਹੈ ਕਿ ਸਾਰਿਆਂ ਨੂੰ **ਚਾਰ** ਜਾਂਦਾ ਹੈ।

| | | |
|---|---|---|
| 18. ਤਰ : | (ਫਲ਼) | ਗਰਮੀਆਂ ਵਿੱਚ **ਤਰ** ਅਤੇ ਖੀਰਾ ਖਾਣ ਨੂੰ ਦਿਲ ਕਰਦਾ ਹੈ। |
| | (ਤਰਨਾ) | ਉਸ ਨੇ **ਤਰ** ਕੇ ਨਦੀ ਪਾਰ ਕਰ ਲਈ। |
| | (ਕਲਿਆਣ ਹੋਣਾ) | ਚੰਗਿਆਂ ਬੰਦਿਆਂ ਨਾਲ਼ ਲੱਗ ਕੇ ਮਾੜੇ ਵੀ **ਤਰ** ਜਾਂਦੇ ਹਨ। |
| 19. ਪੱਕਾ : | (ਜੋ ਧੋਣ 'ਤੇ ਨਾ ਨਿਕਲ਼ੇ) | ਉਸ ਦੀ ਕਮੀਜ਼ ਦਾ ਰੰਗ **ਪੱਕਾ** ਹੈ। |
| | (ਦ੍ਰਿੜ੍ਹ) | **ਪੱਕਾ** ਇਰਾਦਾ ਹੋਣ 'ਤੇ ਹੀ ਸਫਲਤਾ ਮਿਲ਼ਦੀ ਹੈ। |
| | (ਸਥਾਈ) | ਅਜੇ ਉਸ ਦਾ ਕੋਈ **ਪੱਕਾ** ਟਿਕਾਣਾ ਨਹੀਂ। |
| | (ਸਥਾਈ) | ਨੌਕਰੀ 'ਤੇ **ਪੱਕਾ** ਹੋਣ ਲਈ ਅਜੇ ਉਸ ਨੂੰ ਇੱਕ ਸਾਲ ਲੱਗੇਗਾ। |
| 20. ਭਰ : | (ਭਰਨਾ) | ਟੈਂਕੀ **ਭਰ** ਗਈ ਹੈ। |
| | (ਦੇਣਾ) | ਮੈਂ ਜੁਰਮਾਨਾ **ਭਰ** ਦਿੱਤਾ ਹੈ। |
| | (ਬਰਾਬਰ) | ਮੈਨੂੰ ਤੇਰੇ 'ਤੇ ਰੱਤੀ **ਭਰ** ਵੀ ਗੁੱਸਾ ਨਹੀਂ। |
| 21. ਵਾਰ : | (ਕੁਰਬਾਨ) | ਦੇਸ-ਭਗਤ ਦੇਸ ਲਈ ਜਾਨ **ਵਾਰ** ਦਿੰਦੇ ਹਨ। |
| | (ਬੀਰ-ਰਸੀ ਕਾਵਿ) | '**ਵਾਰ**' ਕਵਿਤਾ ਦੀ ਇੱਕ ਕਿਸਮ ਹੈ। |
| | (ਹਫ਼ਤੇ ਦਾ ਦਿਨ) | ਐਤ**ਵਾਰ** ਹੋਣ ਕਾਰਨ ਅੱਜ ਛੁੱਟੀ ਹੈ। |
| | (ਵਾਰੀ) | ਸਾਡੇ ਸਕੂਲ ਦੀ ਕ੍ਰਿਕਟ ਟੀਮ ਨੇ ਕਈ **ਵਾਰ** ਜਿੱਤ ਪ੍ਰਾਪਤ ਕੀਤੀ ਹੈ। |

## ਤੁਸੀਂ ਜਾਣ ਗਏ ਹੋਵੋਗੇ

* ਜੇਕਰ ਕਿਸੇ ਸ਼ਬਦ ਦੇ ਇੱਕ ਤੋਂ ਵੱਧ ਅਰਥ ਨਿਕਲ਼ਦੇ ਹੋਣ ਜਾਂ ਜੇਕਰ ਕਿਸੇ ਸ਼ਬਦ ਨੂੰ ਇੱਕ ਤੋਂ ਵੱਧ ਅਰਥਾਂ ਲਈ ਵਰਤਿਆ ਜਾ ਸਕੇ ਤਾਂ ਉਸ ਨੂੰ ਬਹੁਅਰਥਕ ਸ਼ਬਦ ਕਹਿੰਦੇ ਹਨ।